Alberta

ਨਿਊਜ਼ ਰਿਲੀਜ਼

# ਐਲਬਰਟਾ ਦੇ ਵਿਦਿਆਰਥੀਆਂ ਲਈ ਪੰਜ (P3) ਹਾਈ ਸਕੂਲ ਬਣਾਏ ਗਏ

7 ਜੂਨ 2024 ਮੀਡੀਆ ਇੰਨਕੁਆਰੀਆਂ

## ਪੰਜ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿੱਪ (P3) ਹਾਈ ਸਕੂਲਾਂ ਦੀ ਉਸਾਰੀ ਹੋ ਗਈ ਹੈ, ਜਿੰਨ੍ਹਾਂ ਨਾਲ ਐਲਬਰਟਾ ਭਰ 'ਚ ਇਸ ਪੱਤਝੜ ਰੁੱਤੇ 6,900 ਤੋਂ ਵੱਧ ਵਿਦਿਆਰਥੀਆਂ ਲਈ ਨਵੇਂ ਕਲਾਸਰੂਮਾਂ ਦੇ ਦਰਵਾਜ਼ੇ ਖੁੱਲ੍ਹ ਜਾਣਗੇ।

ਐਲਬਰਟਾ 'ਚ ਕਿਸੇ ਵੀ ਹੋਰ ਸਮੇਂ ਨਾਲੋਂ ਵੱਧ ਪਰਿਵਾਰ ਆ ਰਹੇ ਹਨ ਅਤੇ ਐਲਬਰਟਾ ਸਰਕਾਰ ਸੂਬੇ ਭਰ ਵਿਚ ਕਮਿਊਨਿਟੀ ਦੀਆਂ ਲੋੜਾਂ ਦੀ ਫੌਰਨ ਅਤੇ ਨਿਪੁੰਨ ਤਰੀਕੇ ਨਾਲ ਪੂਰਤੀ ਕਰਨ ਲਈ ਨਵੇਂ ਸਕੂਲ ਉਸਾਰ ਰਹੀ ਹੈ। ਸਕੂਲ ਉਸਾਰੀ ਦੀ ਐਲਬਰਟਾ ਇੰਨਫ੍ਰਾਸਟ੍ਰੱਕਚਰ ਪਹੁੰਚ ਦੇ ਇਕ ਭਰ ਵਜੋਂ, P3 ਤਰੀਕੇ ਦੀ ਵਰਤੋਂ ਕੀਤੀ ਗਈ ਹੈ, ਕਿਉਂਕਿ ਇਹ ਟੈਕਸ ਦੇਣ ਵਾਲਿਆਂ ਲਈ ਪੈਸੇ ਦੀ ਬੱਚਤ ਕਰਦਿਆਂ ਹੋਇਆਂ ਕਈ ਸਾਰੇ ਪ੍ਰਾਜੈਕਟਾਂ ਨੂੰ ਸਮੇਂ ਸਿਰ ਪੂਰਿਆਂ ਕਰਨ ਲਈ ਅਰਥ ਰੱਖਦਾ ਹੈ।

ਇਸ ਤਾਜ਼ਾ P3 ਉਸਾਰੀ ਰਾਹੀਂ, ਐਲਬਰਟਾ ਸਰਕਾਰ ਨੇ ਬਲੈਕਫਾਲਡਜ਼, ਲੈਂਗਡਨ, ਲੇਡੱਕ ਅਤੇ ਐਡਮਿੰਟਨ ਵਿਚ ਦੋ ਅਤਿ-ਲੋੜੀਂਦੇ ਹਾਈ ਸਕੂਲ ਖੋਲ੍ਹਣ 'ਚ 114.5 ਮਿਲੀਅਨ ਡਾਲਰਾਂ ਦੀ ਬੱਚਤ ਕੀਤੀ। ਇਹ ਬੱਚਤਾਂ ਇੰਨ੍ਹਾਂ ਹਾਈ ਸਕੂਲਾਂ ਨੂੰ ਕਿਸੇ ਹੋਰ ਤਰੀਕੇ ਨਾਲ ਬਣਾਉਣ ਦੇ ਖਰਚਿਆਂ ਨਾਲ ਤੁਲਨਾਂ 'ਤੇ ਆਧਾਰਿਤ ਹਨ। ਇਸ P3 ਪ੍ਰਾਜੈਕਟ ਨੇ ਇੰਨਾਂ ਲੋਕਲ ਕਮਿਊਨਿਟੀਆਂ 'ਚ ਕਈ ਮਿਲੀਅਨ ਡਾਲਰ ਪਹੁੰਚਾਏ ਅਤੇ ਉਸਾਰੀ ਦੇ ਕੰਮ ਨਾਲ ਸਬੰਧਤ ਲਗਪਗ 1,700 ਨੌਕਰੀਆਂ ਪੈਦਾ ਕਰਨ 'ਚ ਸਹਾਇਤਾ ਕੀਤੀ।

"ਐਲਬਰਟਾ ਸਰਕਾਰ ਸਕੂਲ ਇੰਨਫ੍ਰਾਸਟ੍ਰੱਕਚਰ ਉਸਾਰਨ ਲਈ ਵਚਬਬਧ ਹੈ, ਜਿਸਦੀ ਐਲਬਰਟਾ ਭਰ 'ਚ ਵਿਦਿਆਰਥੀਆਂ ਨੂੰ ਲੋੜ ਹੈ। P3 ਉਸਾਰੀਆਂ ਇਹ ਯਕੀਨੀ ਬਣਾਉਣ ਦੀ ਸਾਡੀ ਵਚਨਬਧਤਾ ਦਾ ਪ੍ਰਤਿਨਿਧਤਵ ਕਰਦੀਆਂ ਹਨ ਕਿ ਸਕੂਲ ਉਸਾਰੇ ਗਏ ਹਨ ਅਤੇ ਐਲਬਰਟਾ ਦੇ ਟੈਕਸ ਦੇਣ ਵਾਲੇ ਲੋਕ ਆਪਣੇ ਨਿਵੇਸ਼ ਦਾ ਉੱਤਮ ਮੁੱਲ ਪ੍ਰਾਪਤ ਕਰਦੇ ਹਨ। ਮੈਂ ਇਸ 'ਚ ਦੇਰੀ ਨਹੀਂ ਕਰ ਸਕਦਾ ਕਿ ਵਿਦਿਆਰਥੀ ਆਪਣੇ ਨਵੇਂ ਸਥਾਨਾਂ ਦਾ ਆਨੰਦ ਮਾਣਦੇ ਹੋਣ।"

*Pete Guthrie, ਮਿਨਿਸਟਰ ਆਫ ਇੰਨਫ੍ਰਾਸਟ੍ਰੱਕਚਰ*

Classification: Public

“ਅਸੀਂ ਐਲਬਰਟਾ ਦੀਆਂ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਕਮਿਊਨਿਟੀਆਂ 'ਚ ਸਕੂਲ ਉਸਾਰ ਰਹੇ ਹਾਂ। ਇਹ ਨਵੇਂ ਸਕੂਲ ਵਿਦਿਆਰਥੀਆਂ ਲਈ ਆਪਣੀ ਸਿੱਖਿਆ ਦਾ ਵੱਧ ਤੋਂ ਵੱਧ ਲਾਭ ਉਠਾਉਣ, ਉਮਰ ਭਰ ਨਿਭਣ ਵਾਲੇ ਦੋਸਤ ਬਣਾਉਣ ਅਤੇ ਆਪਣੀਆਂ ਅਕਾਂਖਿਆਵਾਂ ਨੂੰ ਖੋਜਣ ਵਾਸਤੇ 6,900 ਤੋਂ ਵੱਧ ਸਥਾਨ ਪੈਦਾ ਕਰਨਗੇ।”

*Demetrios Nicolaides, ਮਿਨਿਸਟਰ ਆਫ ਐਜੂਕੇਸ਼ਨ*

ਪ੍ਰਾਜੈਕਟਾਂ ਨੂੰ ਇੱਕਿਠਆਂ ਮਿਲਾ ਲੈਣਾ ਪੈਸਾ ਬਚਾਉਂਦਾ ਹੈ ਕਿਉਂਕਿ ਇਸ ਨਾਲ ਉਸਾਰੀ ਦੇ ਅਮਲ 'ਚ ਨਿਪੁੰਨਤਾ ਪੈਦਾ ਹੁੰਦੀ ਹੈ ਅਤੇ ਥੋਕ 'ਚ ਸਮਾਨ ਖਰੀਦਦਿਆਂ ਪੈਸੇ ਦੀ ਬੱਚਤ ਹੁੰਦੀ ਹੈ। ਪੰਜ ਸਕੂਲਾਂ ਦੇ ਇਸ P3 ਬੰਡਲ 'ਚ ਸ਼ਾਮਲ ਹਨ:

- ਬਲੈਕਫਾਲਡਜ਼ ਵਿਚ ਆਇਰਨ ਰਿੱਜ ਸੈਕੰਡਰੀ ਕੈਂਪਸ, ਵੌਲਫ ਕਰੀਕ ਪਬਲਿਕ ਸਕੂਲਜ਼
- ਐਡਮਿੰਟਨ 'ਚ ਐਲਡਰ ਡਾ. ਫਰਾਂਸਿਸ ਵਿਸਕੀਜੈਕ ਸਕੂਲ, ਐਡਮਿੰਟਨ ਪਬਲਿਕ ਸਕੂਲਜ਼
- ਐਡਮਿੰਟਨ 'ਚ ਫਾਦਰ ਮਾਈਕਲ ਮੈਕਕੈਫਰੀ ਕੈਥੋਲਿਕ ਹਾਈ ਸਕੂਲ, ਐਡਮਿੰਟਨ ਕੈਥੋਲਿਕ ਸਕੂਲਜ਼
- ਲੈਂਗਡਨ 'ਚ ਹੌਰਸਸ਼ੂ ਕਰਾਸਿੰਗ ਹਾਈ ਸਕੂਲ, ਰੌਕੀ ਵਿਊ ਸਕੂਲਜ਼
- ਲੇਡੱਕ 'ਚ ਓਹਪਾਹੋ ਸੈਕੰਡਰੀ ਸਕੂਲ, ਬਲੈਕ ਗੋਲਡ ਸਕੂਲ ਡਿਵਿਜ਼ਨ

P3 ਦੀ ਵਰਤੋਂ ਕਰਦਿਆਂ ਐਲਬਰਟਾ ਦੇ ਸੱਤ ਨਵੇਂ ਸਕੂਲਾਂ ਦਾ ਸਮੂਹ ਬਣਾਉ ਵਾਸਤੇ ਖਰੀਦਦਾਰੀ ਚੱਲ ਰਹੀ ਹੈ। ਜਦੋਂ ਖੁੱਲ੍ਹ ਗਏ, ਏਅਰਡਰੀ, ਬਲੈਕਫਾਲਡਜ਼, ਕੈਲਗਰੀ, ਚੈਸਟਰਮੀਅਰ, ਓਕੋਟਾਕਸ, ਅਤੇ ਦੋ ਐਡਮਿੰਟਨ 'ਚ ਸਥਿਤ ਇਹ ਨਵੇਂ ਸਕੂਲ ਐਲਬਰਟਾ ਦੇ ਵਿਦਿਆਰਥੀਆਂ ਲਈ 7,000 ਤੋਂ ਵੱਧ ਨਵੇਂ ਸਥਾਨ ਪੈਦਾ ਕਰਨਗੇ।

# ਫੌਰੀ ਤੱਥ

## P3 ਹਾਈ ਸਕੂਲ

- 2021 'ਚ ਖਰੀਦਦਾਰੀ ਦੇ ਮੁਕਾਬਲੇ ਦੇ ਅਮਲ ਉਪਰੰਤ ਕੌਨਸਰਟ-ਬਰਡ ਪਾਰਟਨਰਜ਼ ਨੂੰ ਪੰਜ ਸਕੂਲਾਂ ਦੇ ਬੰਡਲ ਲਈ ਕਾਂਟਰੈਕਟ ਦਿੱਤਾ ਗਿਆ। ਉਨ੍ਹਾਂ ਨੇ ਸਭ ਤੋਂ ਘੱਟ ਕੀਮਤ 300.3 ਮਿਲੀਅਨ ਡਾਲਰ ਸ਼ੁੱਧ ਮੌਜੂਦਾ ਮੁੱਲ (NPV) ਦੀ ਬੋਲੀ ਦਿੱਤੀ ਸੀ।
    - ਵੈਲਿਊ ਫਾਰ ਮਨੀ ਰਿਪੋਰਟ ਆਨਲਾਈਨ ਉਪਲਬਧ ਹੈ।
- 2008 ਤੋਂ ਲੈ ਕੇ ਐਲਬਰਟਾ ਇੰਨਫ੍ਰਾਸਟ੍ਰੱਕਚਰ ਨੇ P3 ਮਾਡਲ ਦੀ ਵਰਤੋਂ ਕਰਦਿਆਂ ਸਫਲਤਾ ਸਹਿਤ 45 ਸਕੂਲ ਬਣਾਏ ਹਨ, ਜਿਸ ਨਾਲ ਐਲਬਰਟਾ ਦੇ ਟੈਕਸ ਦੇਣ ਵਾਲਿਆਂ ਨੂੰ ਤਕਰੀਬਨ 360 ਮਿਲੀਅਨ ਡਾਲਰਾਂ ਦੀ ਬੱਚਤ ਹੋਈ, ਜਦੋਂ ਇਸਦੇ ਖਰਚਿਆਂ ਦੀ ਰਵਾਇਤੀ ਖਰੀਦਦਾਰੀ/ਉਸਾਰੀ ਵਾਲੇ ਢੰਗ ਤਰੀਕਿਆਂ ਨਾਲ ਆਉਣ ਵਾਲੇ ਖਰਚਿਆਂ ਨਾਲ ਤੁਲਨਾਂ ਕੀਤੀ ਗਈ।

## ਸੱਤ ਸਕੂਲਾਂ ਦਾ P3 ਬੰਡਲ:

- ਰਿਕੁਐਸਟ ਫਾਰ ਕੁਆਲੀਫਿਕੇਸ਼ਨਜ਼ ਪੜਾਅ (29 ਅਪਰੈਲ ਨੂੰ ਬੰਦ) 'ਚੋਂ ਯੋਗ ਬਣੇ ਦੋ ਠੇਕੇਦਾਰਾਂ ਨੂੰ ਚੁਣਿਆ ਗਿਆ, ਜਿੰਨ੍ਹਾਂ ਨੂੰ ਹੁਣ ਰਿਕੁਐਸਟ ਫਾਰ ਪ੍ਰੋਪੋਜ਼ਲ ਪੜਾਅ 'ਚ ਸ਼ਮੂਲੀਅਤ ਕਰਨ ਲਈ ਸੱਦਾ ਦਿੱਤਾ ਗਿਆ ਹੈ।
- ਸਫਲ ਹੋਏ ਠੇਕੇਦਾਰ ਨਾਲ 2025 ਦੇ ਸ਼ੁਰੂ 'ਚ ਕਾਂਟਰੈਕਟ ਕੀਤੇ ਜਾਣ ਦਾ ਅਨੁਮਾਨ ਹੈ, ਜਿਸ ਨਾਲ ਉਸੇ ਸਾਲ ਦੀਆਂ ਗਰਮੀਆਂ ਦੀ ਰੁੱਤੇ ਉਸਾਰੀ ਸ਼ੁਰੂ ਹੋ ਜਾਵੇਗੀ।
- ਸੱਤ ਸਕੂਲਾਂ ਦੇ P3 ਬੰਡਲ 'ਚ ਸ਼ਾਮਲ ਹਨ:
  - ਏਅਰਡਰੀ ਸਾਊਥ ਵੈਸਟ 'ਚ ਕੇ-8 ਸਕੂਲ, ਰੌਕੀ ਵਿਊ ਸਕੂਲਜ਼
  - ਬਲੈਕਫਾਲਡਜ਼ 'ਚ ਕੇ-5 ਸਕੂਲ, ਰੈੱਡ ਡੀਅਰ ਕੈਥੋਲਿਕ ਰਿਜਨਲ ਸਕੂਲਜ਼
  - ਕੈਲਗਰੀ ਨੋਲਨ ਹਿੱਲ 'ਚ ਕੇ-9 ਸਕੂਲ, ਕੈਲਗਰੀ ਕੈਥੋਲਿਕ ਸਕੂਲ ਡਿਸਟ੍ਰਿਕਟ
  - ਚੈਸਟਰਮੀਅਰ 'ਚ ਕੇ-9 ਸਕੂਲ, ਕੈਲਗਰੀ ਕੈਥੋਲਿਕ ਸਕੂਲ ਡਿਸਟ੍ਰਿਕਟ
  - ਐਡਮਿੰਟਨ ਐੱਜਮੌਂਟ 'ਚ ਕੇ-9 ਸਕੂਲ, ਐਡਮਿੰਟਨ ਪਬਲਿਕ ਸਕੂਲਜ਼
  - ਐਡਮਿੰਟਨ ਗਲੈੱਨਰਿਡਿੰਗ ਹਾਈਟਸ 'ਚ ਗਰੇਡ 7-12 ਸਕੂਲ, ਐਡਮਿੰਟਨ ਪਬਲਿਕ ਸਕੂਲਜ਼
  - ਓਕੋਟਾਕਸ 'ਚ ਕੇ-9 ਸਕੂਲ (ਕੇ-6 ਈਕੋਲ ਗੁੱਡ ਸ਼ੈਫਰਡ ਦਾ ਵਿਸਥਾਪਨ), ਕ੍ਰਾਈਸਟ ਦਿ ਰਿਡੀਮਰ ਕੈਥੋਲਿਕ ਸਕੂਲਜ਼

# ਮੀਡੀਆ ਇੰਨਕੁਆਰੀਆਂ


### Benji Smith

780-686-5798
ਪ੍ਰੈੱਸ ਸੈਕਰੇਟਰੀ, ਇੰਨਫ੍ਰਾਸਟ੍ਰੱਕਚਰ